## ਭਗਤੀ ਦਾ ਸਰੂਪ ਕਿਸਮਾਂ ਅਤੇ ਵਿਸ਼ੇਸ਼ਤਾਵਾਂ

## ਐਮ.ਏ. ਸਿਮੈਸਟਰ-ਦੂਜਾ

**ਭਗਤੀ ਦੀ ਪਰਿਭਾਸ਼ਾ-** ਭਗਤੀ ਕਿਸੇ ਇਸ਼ਟ ਦੇਵ ਜਾਂ ਈਸ਼ਵਰ ਦੀ ਇੱਕ ਮਨ ਹੋ ਕੇ ਅਰਾਧਨਾ ਅਰਚਨਾ ਹੈ। ਸਾਧਕ ਕਿਸੇ ਦੇਵਤਾ ਜਾਂ ਪ੍ਰਮਾਤਮਾ ਪ੍ਰਤੀ ਆਤਮ ਸਮਰਪਿਤ ਹੋ ਕੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਾ ਹੈ। ਇਹਨਾਂ ਭਾਵਨਾਵਾਂ ਦੀ ਪੇਸ਼ਕਾਰੀ ਵਿੱਚ ਅਲੌਕਿਕ ਜਗਤ ਦਾ ਅਨੁਭਵ ਤੇ ਅਨੋਖਾ ਅਨੰਦ ਹੁੰਦਾ ਹੈ।

(ਭਗਤੀ ਸਾਹਿਤ– ਪਰੰਪਰਾ ਤੇ ਪ੍ਰਵਾਹ ਪੰਨਾ (13) ਡਾ. ਕੁਲਵੰਤ ਸਿੰਘ)

ਪ੍ਰੋ. ਬ੍ਰਹਮਜਗਦੀਸ਼ ਅਨੁਸਾਰ ਭਗਤੀ ਦੀ ਭਰਪੂਰ ਵਿਆਖਿਆ ਸ੍ਰੀਮਦ ਭਗਵਤ ਗੀਤਾ ਵਿੱਚ ਪ੍ਰਾਪਤ ਹੁੰਦੀ ਹੈ। ਗੀਤਾ ਅਨੁਸਾਰ ਪ੍ਰਮਾਤਮਾ ਆਪਣੇ ਸਾਰੇ ਭਗਤਾਂ ਦੀਆਂ ਮਨੋਕਾਮਨਾਵਾਂ ਪੂਰਨ ਕਰਦਾ ਹੈ।

ਭਗਤੀ ਸ਼ਬਦ ਦੇ ਕੋਸ਼ਗਤ ਅਰਥ ਹਨ– ਵਿਭਾਗ, ਸੇਵਾ,ਸ਼ਰਧਾ, ਵਿਸ਼ਵਾਸ ਭਗਵਾਨ ਦੀ ਪੂਜਾ ਵਿੱਚ ਪ੍ਰੇਮ ਅਤੇ ਉਪਾਸਨਾ। ਡਾ. ਨਗੇਂਦਰ ਅਨੁਸਾਰ, "ਸਨੇਹ ਪੂਰਬਕ ਕੀਤਾ ਪ੍ਰਮਾਤਮਾ ਦਾ ਧਿਆਨ ਭਗਤੀ ਹੈ।

ਰਮਾਨੁਜ ਅਨੁਸਾਰ, "ਭਗਤੀ ਪ੍ਰੇਮ ਸਹਿਤ ਪ੍ਰਭੂ ਵਿੱਚ ਧਿਆਨ ਲਗਾਉਣਾ ਹੈ ਅਤੇ ਭਗਤੀ ਇੱਕ ਲਗਾਤਾਰ ਅਤੇ ਨਿਰੰਤਰ ਪ੍ਰਿਅ ਸਮਾਧੀ ਹੈ।

ਡਾ. ਲੱਕੀ ਸ਼ਰਮਾ

ਭਗਤੀ ਸਿਧਾਂਤ ਤੇ ਮਧਕਾਲੀਨ ਭਗਤੀ ਕਾਵਿ, ਪੰਨਾ 11

ਮੁਨਸ਼ੀ ਰਾਮ ਸ਼ਰਮਾ ਦੀ ਪੁਸਤਕ ਮਧਕਾਲੀਨ ਸਾਹਿਤਕ ਪ੍ਰਵਿਰਤੀਆਂ ਦੀ ਭੂਮਿਕਾ ਵਿਚ ਨਾਮਦੇਵ ਚਤੁਰਵੇਦੀ ਲਿਖਦਾ ਹੈ ਕਿ ਭਗਤੀ ਸ਼ਬਦ ਭਜ ਸ਼ਬਦ ਤੋਂ ਬਣਿਆ ਹੈ ਇਸ ਦਾ ਅਰਥ ਹੈ ਭਜਨ ਕਰਨਾ।

(ਕੁਲਵੰਤ ਸਿੰਘ ਭਗਤੀ ਸਾਹਿਤ ਪਰੰਪਤਾ ਤੇ ਪ੍ਰਵਾਹ, ਪੰਨਾ-13)

**2. ਭਗਤੀ ਦਾ ਅਨੁਭਵ-**

ਭਗਤੀ ਦਾ ਪ੍ਰਗਟਾਵਾ ਸਰੀਰ ਤੋਂ ਆਰੰਭ ਹੁੰਦਾ ਹੋਇਆ ਆਤਮਾ ਤੱਕ ਪਹੁੰਚਦਾ ਹੈ ਜਿਸ ਕਾਰਨ ਪਰਿਭਾਸ਼ਤ ਕਰ ਸਕਣਾ ਗੂੰਗੇ ਦੇ ਗੁੜ ਖਾਣ ਵਰਗੀ ਗੱਲ ਹੈ। ਭਗਤ ਵਾਸਤੇ ਗੁਰੂ ਦੀ ਸ਼ਰਨ ਵਿੱਚ ਆ ਕੇ ਈਸ਼ਵਰ ਨਾਲ ਜੁੜਨਾ ਜਰੂਰੀ ਹੈ।

(ਕੁਲਵੰਤ ਸਿੰਘ ਭਗਤੀ ਸਾਹਿਤ ਪਰੰਪਤਾ ਤੇ ਪ੍ਰਵਾਹ-ਪੰਨਾ 15)

**3. ਭਗਤੀ ਦੀਆਂ ਵਿਸ਼ੇਸ਼ਤਾਵਾਂ**- ਡਾ. ਭਗਤ ਸਿੰਘ ਵੇਦੀ ਨੇ ਭਗਤੀ ਦੀਆਂ ਵਿਸ਼ੇਸ਼ਤਾਵਾਂ ਨੂੰ ਮੁੱਖ ਰੱਖਦਿਆਂ ਹੇਠ ਲਿਖੇ ਅਨੁਸਾਰ ਭਗਤੀ ਦੇ ਲੱਛਣਾਂ ਬਾਰੇ ਚਰਚਾ ਕੀਤੀ ਹੈ।

1. ਆਪਣੇ ਇਸ਼ਟ ਵਿੱਚ ਵਿਸ਼ਵਾਸ

2. ਸਮਾਜਕ ਕਰਤੱਵਸ਼ੀਲਤਾ ਤੇ ਜੀਵਨ ਤੋਂ ਨਿਰਲੇਪ ਰਹਿਣਾ

3. ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਰਹਿਣਾ।

4. ਸ਼ਰਧਾ ਅਤੇ ਪ੍ਰੇਮ ਦਾ ਸੁਮੇਲ।

5. ਕਰਮ ਕਾਂਡਾ ਤੋਂ ਨਿਰਲੇਪ ਰਹਿ ਕੇ ਭਗਤੀ ਕਰਨਾ।

6. ਭਗਤੀ ਮਾਨਸਿਕ ਸਥਿਰਤਾ, ਦੀਨ ਦੁਖੀ ਦੀ ਸਹਾਇਤਾ ਕਰਨਾ ਸਿਖਾਉਂਦੀ, ਮੁਸੀਬਤ ਦਾ ਡਟ ਕੇ ਸਾਹਮਣਾ ਕਰਨਾ ਸਿਖਾਉਂਦੀ ਹੈ।

7. ਭਗਤੀ ਰਾਹੀ ਜਾਤੀਵਾਦ, ਧਾਰਮਿਕ ਫਿਰਕਾਪ੍ਰਸਤੀ ਦਾ ਵਿਰੋਧ ਅਤੇ ਸਰਵ ਮਾਨਵਵਾਦ ਦਾ ਪ੍ਰਚਾਰ ਕੀਤਾ ਗਿਆ ਹੈ।

ਇਹਨਾਂ ਗੁਣਾ ਕਾਰਨ ਭਗਤੀ ਨੇ ਗਿਆਨਵਾਦੀ, ਵਿਗਿਆਨਵਾਦੀ ਅਤੇ ਪਦਾਰਥਵਾਦੀ ਦੌਰ ਵਿੱਚ ਆਪਣੀ ਨਿਵੇਕਲੀ ਥਾਂ ਬਣਾਈ ਹੈ।

(ਭਗਤੀ ਸਾਹਿਤ ਪਰੰਪਰਾ ਤੇ ਪਰਵਾਹ, ਪੰਨਾ 17,18)

(ਡਾ. ਕੁਲਵੰਤ ਸਿੰਘ)

**4. ਭਗਤੀ ਲਹਿਰ ਦੀ ਉਤਪਤੀ ਦੇ ਕਾਰਨ-**

**1. ਵੈਸ਼ਨਵ ਮੱਤ ਦਾ ਪ੍ਰਚਾਰ-** ਇਹ ਮਤ ਦੱਖਣੀ ਭਾਰਤ ਵਿੱਚ ਆਰੰਭ ਹੋਇਆ ਅਤੇ ਹੌਲੀ ਹੌਲੀ ਦੱਖਣੀ ਭਾਰਤ ਤੋਂ ਉਤਰੀ ਭਾਰਤ ਵਿਚ ਫੈਲ ਗਿਆ। ਆਲਵਾਰ ਭਗਤਾ ਨੂੰ ਵੈਸ਼ਨਵ ਭਗਤ ਦੇ ਮੋਢੀ ਮੰਨਿਆ ਜਾਂਦਾ ਹੈ। ਇਸ ਮਤ ਦੇ ਭਗਤ ਵਿਸ਼ਨੂੰ ਦੇ ਦੋ ਅਵਤਾਰਾਂ ਰਾਮ ਜੀ ਅਤੇ ਕ੍ਰਿਸ਼ਨ ਜੀ ਦੀ ਭਗਤੀ ਕਰਦੇ ਸਨ। ਵੈਸ਼ਨਵ ਮੱਤ ਜਾਤੀਗਤ ਭੇਦਤਾ ਦੀ ਥਾਂ ਆਪਸੀ ਸਮਾਨਤਾ ਅਤੇ ਈਸ਼ਵਰ ਪ੍ਰਤੀ ਡੂੰਘਾ ਪ੍ਰੇਮ ਹੀ ਪਵਿਤਰਤਾ ਦੀ ਕਸੌਟੀ ਮੰਨਦੇ ਹਨ।

2. ਹਿੰਦੂ ਧਰਮ ਵਿਰਲੇ ਕਰਮਕਾਂਡ– ਭਗਤ ਜਨਾਂ ਨੇ ਕਰਮ ਕਾਂਡਾਂ ਖਿਲਾਫ਼ ਅਵਾਜ਼ ਉਡਾਈ।

3. ਹਿੰਦੂ ਧਰਮ ਵਿੱਚ ਜਾਤ ਪਾਤ

4. ਬਿਠਲਾ ਸੰਪਰਦਾ ਦਾ ਪ੍ਰਭਾਵ

5. ਇਸਲਾਮ ਦਾ ਖਤਰਾ

6. ਸੂਫ਼ੀ ਮੱਤ ਦਾ ਪ੍ਰਭਾਵ

ਭਗਤੀ ਸਿਧਾਂਤ ਅਤੇ ਮਧਕਾਲੀਨ ਭਗਤੀ ਕਾਵਿ

(ਡਾ. ਲੱਕੀ ਸ਼ਰਮਾ, ਪੰਨਾ 140)

**5. ਭਗਤੀ ਦੀਆਂ ਕਿਸਮਾਂ-**

ਭਗਵਤ ਗੀਤਾ ਅਨੁਸਾਰ ਭਗਤੀ ਮੁੱਖ ਤੌਰ ਤੇ ਦੋ ਪ੍ਰਕਾਰ ਦੀ ਹੈ–

1. ਸਰਗੁਣ ਭਗਤੀ

2. ਨਿਰਗੁਣ ਭਗਤੀ

ਸਰਗਣ ਭਗਤੀ- ਪ੍ਰਮਾਤਮਾ ਨਾਲ ਅਭੇਦਤਾ- ਮਯਿਮਨ

ਮਨ ਵਿੱਚ ਪ੍ਰਮਾਤਮਾ ਲਈ ਆਵੇਸ਼- ਨਿਤਯੁਕਤ

ਸ਼ਰਧਾ/ਪਰਮਸ਼ਰਧਾ- ਉਪੇਤ

ਨਿਰਗੁਣ ਭਗਤੀ- ਪ੍ਰਮਾਤਮਾ ਦਾ ਉਹ ਸਰੂਪ ਜਿਸਦੀ ਕੋਈ ਆਪਣੀ ਇੰਦਰੀ ਨਹੀਂ ਪਰ ਫਿਰ ਵੀ ਉਸ ਵਿਚ ਇੰਦਰੀਆ ਦਾ ਅਭਾਸ ਵਿਦਮਾਨ ਹੈ।

1. ਨਿਰਗੁਣ ਭਗਤੀ ਸਰਗੁਣ ਸੰਸਾਰ ਤੋਂ ਚਿਤ ਹਠ ਕੇ ਇੰਦਰੀਆਂ ਅਤੇ ਮਨ ਨੂੰ ਵਸ ਵਿੱਚ ਕਰਨ ਦਾ ਸੰਕੇਤ ਦੇਦੀ ਹੈ।

2. ਨਿਰਗੁਣ ਭਗਤੀ ਵਿਚ ਭਗਤ ਹਰ ਸ਼ੈਅ ਵਿੱਚ ਪ੍ਰਮਾਤਮਾ ਨੂੰ ਸਮਾਨ ਬੁਧੀ ਨਾਲ ਵੇਖਦਾ ਹੈ।

3. ਨਿਰਗੁਣ ਭਗਤ ਪ੍ਰਾਣੀ ਮਾਤਰ ਦੇ ਹਿੱਤ ਜਾਂ ਕਲਿਆਨ ਵਿੱਚ ਆਪਣੇ ਆਪ ਨੂੰ ਲਗਾ ਦੇਣਾ।

ਭਗਵਤ ਗੀਤਾ ਸਰਗੁਣ ਤੇ ਨਿਰਗੁਣ ਭਗਤੀ ਦੋਹਾਂ ਦਾ ਇੱਕ ਪਰਮ ਪਿਤਾ ਪਰਮੇਸ਼ਰ ਤੱਕ ਜਾਣ ਵਾਲੀ ਪੌੜੀਆ ਮੰਨਦੀ ਹੈ।

ਨਿਰਗੁਣ ਤੋਂ ਭਾਵ ਹੈ ਜਿਹੜਾ ਵਰਨਣ ਤੋਂ ਬਾਹਰ ਹੋਵੇ ਜਿਸਨੂੰ ਪਰਿਭਾਸ਼ਤ ਨਾ ਕੀਤਾ ਜਾ ਸਕੇ ਅਤੇ ਜਿਸ ਨੂੰ ਨਿਸ਼ਚਿਤ ਢੰਗ ਨਾਲ ਨਾ ਬਿਆਨ ਕੀਤਾ ਜਾ ਸਕੇ।

(ਮੱਧਕਾਲੀਨ-ਧਰਮ ਸਾਧਨਾ, ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 67)

ਸੂਰਦਾਸ ਜੀ ਅਨੁਸਾਰ ਭਗਤੀ ਚਾਰ ਤਰ੍ਹਾਂ ਦੀ ਹੈ-

1. ਤਾਮਸੀ- ਕਿਸੇ ਦਾ ਮੰਦਾ ਚਿਤਵਣਾ

2. ਰਾਜਸੀ- ਸੱਤਾ-ਲੋਭ ਧਨ ਤੇ ਐਸ਼ਵਰਯ

3. ਸਾਤਵਿਕ- ਮੁਕਤੀ ਦੀ ਇੱਛਾ

4. ਨਿਰਗਣਾ ਭਗਤੀ- ਰੱਬ ਤੋਂ ਕੁਝ ਨਹੀਂ ਮੰਗਿਆ ਜਾਂਦਾ (ਨਿਸ਼ਕਾਮ ਭਗਤੀ)

ਤੁਲਸੀਦਾਸ ਜੀ ਅਨੁਸਾਰ ਭਗਤੀ ਵੰਡ-

1. ਸਾਕਾਮ ਭਗਤੀ- ਸੰਸਾਰਕ ਭੋਗ ਐਸ਼ਵਰਯ ਦੀ ਕਾਮਨਾ

2. ਨਿਸ਼ਕਾਮ ਭਗਤੀ- ਸੁਆਰਥ ਰਹਿਤ ਭਗਤੀ

ਰਾਮਚਰਿਤ ਮਾਨਸ ਵਿੱਚ ਭਗਤੀ ਦੀ ਵੰਡ-

ਤੁਲਸੀਦਾਸ ਦੁਆਰਾ ਰਾਮ ਚਰਿਤ ਮਾਨਸ ਵਿੱਚ ਭਗਤੀ-

1. ਕਿਰਪਾ ਸਾਧਯ ਭਗਤੀ- ਭਗਵਦ ਕਿਰਪਾ ਦੁਆਰਾ ਬਿਨਾਂ ਕਿਸੇ ਸਾਧਨ ਦੇ ਪ੍ਰਾਪਤ ਹੋ ਜਾਂਦੀ ਹੈ।

2. ਸਾਧਨ ਸਾਧਯ ਭਗਤੀ- ਉਹ ਭਗਤੀ ਜੋ ਸਾਧਨਾ ਦੁਆਰਾ ਪ੍ਰਾਪਤ ਹੁੰਦੀ ਹੈ।

ਸਾਧਨ ਸਾਧਯ ਭਗਤੀ ਵਿੱਚ ਸ਼ਾਸਤਰਾਂ ਦੇ ਉਪਦੇਸ਼ਾਂ ਨੂੰ ਸ੍ਰਵਨ ਕਰਨਾ।

ਨਵਧਾ ਭਗਤੀ- ਤੁਲਸੀਦਾਸ ਅਤੇ ਹੋਰ ਭਾਰਤੀ ਭਗਤਾਂ ਨੇ ਨਵਧਾ ਭਗਤੀ ਦਾ ਸਿਧਾਂਤ ਦਿੱਤਾ ਜਿਨ੍ਹਾਂ ਦੇ ਨਾਮ ਹਨ-

1. ਸ੍ਰਵਣ ਭਗਤ- ਪ੍ਰਭੂ ਦੀ ਲੀਲਾ, ਨਾਮ, ਗੁਣ, ਉਸਤਤ ਦਾ ਵਰਨਣ

2. ਕੀਰਤਨ ਭਗਤੀ- ਭਗਵਾਨ ਦੇ ਨਾਮ, ਗੁਣ, ਮਹਾਤਮ, ਲੀਲਾ ਦਾ ਗਾਇਨ।

3. ਸਿਮਰਨ ਭਗਤੀ- ਸਿਮਰਨ ਭਗਤੀ, ਸ੍ਵਣ, ਅਤੇ ਕੀਰਤਨ ਦੋਹਾਂ ਨਾਲੋਂ ਸੂਖਮ ਹੈ। ਹਮੇਸ਼ਾ ਪ੍ਰਮਾਤਮਾ ਦੀ ਲੀਲਾ ਵਿੱਚ ਮਸਤ ਰਹਿਣਾ।

4. ਪਾਦਸੇਵਨ- ਪ੍ਰਭੂ ਦੀ ਪੂਜਾ ਕਰਦੇ ਹੋਏ ਹੰਕਾਰ ਅਭਿਮਾਨ ਦਾ ਨਾਸ਼ ਕਰਕੇ ਪ੍ਰਭੂ ਦੇ ਚਰਨਾਂ ਵਿੱਚ ਸਮਰਪਿਤ ਹੋਣਾ।

5. ਅਰਦਨ ਭਗਤੀ- ਸ਼ਰਧਾ ਅਤੇ ਆਦਰ ਪੂਰਬਕ ਭਗਵਾਨ ਦੀ ਪੂਜਾ ਅਰਚਨਾ ਕਰਨਾ। ਮੂਰਤੀ ਨੂੰ ਇਸ਼ਨਾਨ ਕਰਵਾਉਣਾ, ਬਸਤਰ ਪਹਿਨਾਉਣੇ, ਸੁਗੰਧ ਲਾਉਣੀ ਆਦਿ।

6. ਵੰਦਨ- ਭਗਵਾਨ ਦੀ ਮੂਰਤੀ ਜਾਂ ਚਿੱਤਰ ਨੂੰ ਸਰੀਰ ਜਾਂ ਮਨ ਨਾਲ ਸ਼ਰਧਾ ਸਹਿਤ ਪ੍ਣਾਮ ਕਰਨ।

7. ਦਾਸ ਭਗਤੀ- ਆਪਣੇ ਆਪ ਨੂੰ ਦਾਸ, ਭਿਖਾਰੀ ਅਤੇ ਪ੍ਰਭੂ ਨੂੰ ਸੁਆਮੀ ਅਤੇ ਦਾਤਾ ਸਮਝਦੇ ਕੀਤੀ ਭਗਤੀ ਦਾਸ ਭਗਤੀ ਹੈ।

8. ਸਖਾ ਭਗਤੀ- ਸਖਾ ਜਾਂ ਮਿੱਤਰ ਭਾਵ ਨਾਲ ਕੀਤੀ ਭਗਤੀ। ਭਗਵਾਨ ਦੇ ਪ੍ਰਭਾਵ ਤੇ ਮਹਿਮਾ ਨੂੰ ਸਮਝ ਕੇ ਪਰਮ ਵਿਸ਼ਵਾਸ਼ ਨਾਲ ਮਿੱਤਰ ਭਾਵ ਸਹਿਤ ਉਸਦੀ ਰੁਚੀ ਅਨੁਸਾਰ ਬਣ ਜਾਣਾ।

9. ਆਤਮ ਨਿਵੇਦਨ ਭਗਤੀ- ਪ੍ਰਭੂ ਦੀ ਸ਼ਰਨ ਵਿੱਚ ਜਾ ਕੇ ਆਪਣੇ ਆਪ ਨੂੰ ਉਸ ਦੇ ਪ੍ਰਤੀ ਸਮਰਪਣ ਕਰ ਦੇਣਾ ਆਤਮ ਨਿਵੇਦਨ ਭਗਤੀ ਹੈ।

ਇਸ ਪ੍ਰਕਾਰ ਭਾਰਤੀ ਦਰਸ਼ਨ ਵਿੱਚ ਪ੍ਰਮਾਤਮਾ ਦੀ ਪ੍ਰਾਪਤੀ ਲਈ ਭਗਤੀ ਨੂੰ ਮੁੱਖ ਮਾਧਿਅਮ ਮੰਨਿਆ ਗਿਆ ਹੈ। ਭਗਤੀ ਦਾ ਢੰਗ ਆਪੋ ਆਪਣਾ ਹੋ ਸਕਦਾ ਹੈ ਪਰ ਉਦੇਸ਼ ਇੱਕ ਹੀ ਹੈ ਉਸ ਪ੍ਰਭੂ ਨਾਲ ਜੁੜਨਾ। ਪ੍ਰਭੂ ਦੇ ਸਰਗੁਣ ਸਰੂਪ ਨਾਲ ਜੁੜ ਜਾਣਾ ਸਰਗੁਣ ਭਗਤੀ ਹੈ ਤੇ ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ ਜੁੜ ਜਾਣਾ ਨਿਰਗੁਣ ਭਗਤੀ ਹੈ।

ਸਹਾਇਕ ਪੁਸਤਕਾਂ- ਭਗਤੀ ਸਿਧਾਂਤ ਅਤੇ ਮੱਧਕਾਲੀਨ ਭਗਤੀ ਕਾਵਿ ਡਾ. ਲੱਕੀ ਸ਼ਰਮਾ, ਭਗਤੀ ਸਾਹਿਤ ਪਰੰਪਰਾ ਤੇ ਪਰਵਾਹ, ਡਾ. ਕੁਲਵੰਤ ਸਿੰਘ